Australian Government
Department of Home Affairs

# Privacy notice
# Visitors to immigration detention facilities
# ਗੋਪਨੀਯਤਾ ਨੋਟਿਸ
# ਇਮੀਗਰੇਸ਼ਨ ਸੁਵਿਧਾਵਾਂ ਦੇ ਮੁਲਾਕਾਤੀ

Form
1553 PUN
PUNJABI

The Department of Home Affairs (ਗ੍ਰਹਿ ਮੰਤਰਾਲੇ ਦਾ ਵਿਭਾਗ) ਵਿੱਚ Australian Border Force (ਆਸਟਰੇਲੀਅਨ ਬਾਰਡਰ ਫੋਰਸ ਵੀ ਸ਼ਾਮਲ ਹੈ। The *Privacy Act 1988 (ਗੋਪਨੀਯਤਾ ਐਕਟ 1988)* ਵਿਭਾਗ ਨੂੰ ਕਿਸੇ ਵਿਅਕਤੀ ਨੂੰ ਕੁਝ ਮਾਮਲਿਆਂ ਬਾਰੇ ਸੂਚਿਤ ਕਰਨ ਦੀ ਮੰਗ ਕਰਦਾ ਹੈ ਜਦੋਂ ਇਹ ਉਹਨਾਂ ਬਾਰੇ ਨਿੱਜੀ ਜਾਣਕਾਰੀ ਇਕੱਠੀ ਕਰਦਾ ਹੈ। ਇਹ ਫਾਰਮ ਉਹਨਾਂ ਮਾਮਲਿਆਂ ਬਾਰੇ ਤੁਹਾਡੀ ਸੂਚਨਾ ਹੈ ਜਦੋਂ ਤੁਸੀਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤਾਂ ‘ਤੇ ਜਾਂਦੇ ਹੋ।

## ਗੋਪਨੀਯਤਾ ਕਾਨੂੰਨ

The Department of Home Affairs (the department) (ਵਿਭਾਗ) Australian Privacy Principles (ਆਸਟਰੇਲੀਅਨ ਗੋਪਨੀਯਤਾ ਸਿਧਾਂਤਾਂ) (APPs) ਦੇ ਅਨੁਸੂਚੀ 1 ਵਿੱਚ ਆਸਟਰੇਲੀਅਨ ਗੋਪਨੀਯਤਾ ਸਿਧਾਂਤਾਂ ਦੁਆਰਾ ਪਾਬੰਦ ਹੈ। APPs ਨਿਯੰਤ੍ਰਿਤ ਕਰਦੇ ਹਨ ਕਿ ਅਸੀਂ ਨਿੱਜੀ ਜਾਣਕਾਰੀ ਨੂੰ ਕਿਵੇਂ ਇਕੱਠਾ ਕਰਦੇ ਹਾਂ, ਵਰਤਦੇ ਹਾਂ, ਸਟੋਰ ਕਰਦੇ ਹਾਂ ਅਤੇ ਪ੍ਰਗਟ ਕਰਦੇ ਹਾਂ, ਅਤੇ ਤੁਸੀਂ ਉਸ ਨਿੱਜੀ ਜਾਣਕਾਰੀ ਤੱਕ ਪਹੁੰਚ ਜਾਂ ਸੁਧਾਰ ਦੀ ਮੰਗ ਕਿਵੇਂ ਕਰ ਸਕਦੇ ਹੋ ਜੋ ਸਾਡੇ ਕੋਲ ਤੁਹਾਡੇ ਬਾਰੇ ਹੈ।

ਵਿਭਾਗ ਦੀ ਮੰਗ ਇਹ ਹੈ ਕਿ ਇਸ ਦੇ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾ (ਤੇ) ਵੀ ਗੋਪਨੀਯਤਾ ਐਕਟ ਦੀ ਪਾਲਣਾ ਕਰਨ।

ਗੋਪਨੀਯਤਾ ਕਾਨੂੰਨ ਇਹਨਾਂ ਦੇ ਸੰਗ੍ਰਹਿ ਦੀ ਇਜਾਜਤ ਦਿੰਦਾ ਹੈ:

- ਸੰਵੇਦਨਸ਼ੀਲ ਜਾਣਕਾਰੀ:
  - ਤੁਹਾਡੀ ਸਹਿਮਤੀ ਨਾਲ (ਅਤੇ ਜੇ ਇਹ ਸੰਗ੍ਰਹਿ ਵਿਭਾਗ ਦੇ ਇੱਕ ਜਾਂ ਵਧੇਰੇ ਕਾਰਜਾਂ ਜਾਂ ਗਤੀਵਿਧੀਆਂ ਲਈ ਸਿੱਧੇ ਤੌਰ ‘ਤੇ ਸੰਬੰਧਿਤ ਹੈ)
  - ਇੱਕ ‘ਆਮ ਸਥਿਤੀ’ ਵਿੱਚ (ਜਿਵੇਂ ਕਿ ਜਿੱਥੇ ਕਿਸੇ ਵਿਅਕਤੀ ਦੇ ਜੀਵਨ, ਸਿਹਤ ਜਾਂ ਸੁਰੱਖਿਆ, ਜਾਂ ਜਨਤਕ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖਤਰੇ ਨੂੰ ਘਟਾਉਣਾ ਜਾਂ ਰੋਕਣਾ ਜ਼ਰੂਰੀ ਹੈ)
  - ਜਿੱਥੇ ਕਿਸੇ ਆਸਟਰੇਲੀਅਨ ਕਾਨੂੰਨ ਜਾਂ ਅਦਾਲਤ/ਟ੍ਰਾਇਬਿਊਨਲ ਆਰਡਰ ਅਧੀਨ ਲੋੜੀਂਦਾ ਜਾਂ ਅਧਿਕਾਰਤ ਹੋਵੇ, ਜਾਂ,
  - ਵਿਭਾਗ ਦੁਆਰਾ ਜਾਂ ਉਸ ਦੀ ਤਰਫ਼ੋਂ ਕੀਤੀਆਂ ਗਈਆਂ ਲਾਗੂ ਕਰਨ ਸੰਬੰਧੀ ਗਤੀਵਿਧੀਆਂ ਲਈ
- ਹੋਰ ਨਿੱਜੀ ਜਾਣਕਾਰੀ ਜਿੱਥੇ ਇਹ ਵਿਭਾਗ ਦੇ ਇੱਕ ਜਾਂ ਇੱਕ ਤੋਂ ਵੱਧ ਕਾਰਜਾਂ ਜਾਂ ਗਤੀਵਿਧੀਆਂ ਲਈ, ਜਾਂ ਸਿੱਧੇ ਤੌਰ ‘ਤੇ ਸੰਬੰਧਤ ਹੈ।

ਇਹ ਨੋਟਿਸ ਦੱਸਦਾ ਹੈ ਕਿ ਅਸੀਂ (ਵਿਭਾਗ) ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰ ਰਹੇ ਹਾਂ ਅਤੇ ਅਸੀਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ‘ਤੇ ਜਾਣ ਦੇ ਸਬੰਧ ਵਿੱਚ ਇਸ ਦਾ ਪ੍ਰਬੰਧ ਕਿਵੇਂ ਕਰਾਂਗੇ। ਸਾਡੇ ਨਿੱਜੀ ਜਾਣਕਾਰੀ ਨੂੰ ਸੰਭਾਲਣ ਦੇ ਅਭਿਆਸਾਂ ਬਾਰੇ ਹੋਰ ਜਾਣਕਾਰੀ ਵਿਭਾਗ ਦੀ ਗੋਪਨੀਯਤਾ ਨੀਤੀ ਤੋਂ ਉਪਲਬਧ ਹੈ, ਜਿਸ ਦੀ ਪਹੁੰਚ ਤੁਸੀਂ ਇਥੇ ਕਰ ਸਕਦੇ ਹੋ **https://www.homeaffairs.gov.au/access-and-accountability/our-commitments/privacy**।

ਗੋਪਨੀਯਤਾ ਨੀਤੀ ਵਿੱਚ ਇਹਨਾਂ ਬਾਰੇ ਜਾਣਕਾਰੀ ਸ਼ਾਮਲ ਹੈ:

- ਤੁਸੀਂ ਵਿਭਾਗ ਦੁਆਰਾ ਰੱਖੀ ਗਈ ਆਪਣੀ ਨਿੱਜੀ ਜਾਣਕਾਰੀ ਤੱਕ ਕਿਵੇਂ ਪਹੁੰਚ ਕਰ ਸਕਦੇ ਹੋ ਅਤੇ ਇਸ ਨੂੰ ਸੁਧਾਰਨ ਦੀ ਮੰਗ ਕਿਵੇਂ ਕਰ ਸਕਦੇ ਹੋ
- ਤੁਸੀਂ ਗੋਪਨੀਯਤਾ ਦੀ ਉਲੰਘਣਾ ਅਤੇ ਵਿਭਾਗ ਦੀਆਂ ਸ਼ਿਕਾਇਤਾਂ ਨਾਲ ਨਜਿੱਠਣ ਦੀਆਂ ਪ੍ਰਕਿਰਿਆਵਾਂ ਬਾਰੇ ਸ਼ਿਕਾਇਤ ਕਿਵੇਂ ਕਰ ਸਕਦੇ ਹੋ।

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਉਂ ਇਕੱਠੀ ਕਰਦੇ ਹਾਂ

ਨਿੱਜੀ ਜਾਣਕਾਰੀ ਇਕੱਠੀ ਕਰਨ ਦਾ ਸਾਡਾ ਮੁੱਖ ਉਦੇਸ਼ ਵਿਭਾਗ ਦੇ ਮੁਖ ਕਾਰਜ ਜਾਂ ਗਤੀਵਿਧੀਆਂ ਜਿਨ੍ਹਾਂ ਦਾ ਇਮੀਗਰੇਸ਼ਨ ਨਜ਼ਰਬੰਦੀ ਐਕਟ ਦੇ ਪ੍ਰਬੰਧ ਨਾਲ ਸਬੰਧ ਹੋਵੇ ਨੂੰ ਪੂਰਾ ਕਰਨਾ ਹੈ *Migration Act 1958 (ਮਾਈਗਰੇਸ਼ਨ ਐਕਟ 1958)* ਗੋਪਨੀਯਤਾ ਐਕਟ ਦੇ ਤਹਿਤ, ਸਾਨੂੰ ਤੁਹਾਡੀ ਨਿੱਜੀ ਜਾਣਕਾਰੀ ਨੂੰ ਉਸ ਉਦੇਸ਼ ਲਈ ਵਰਤਣ ਜਾਂ ਪ੍ਰਗਟ ਕਰਨ ਦੀ ਇਜਾਜਤ ਹੈ ਜਿਸ ਲਈ ਇਹ ਇਕੱਠੀ ਕੀਤੀ ਗਈ ਸੀ।

ਗੋਪਨੀਯਤਾ ਐਕਟ ਦੇ ਤਹਿਤ, ਜਾਣਕਾਰੀ ਨੂੰ ਹੋਰ ਦੂਜੇ ਦਰਜੇ ਦੇ ਉਦੇਸ਼ ਲਈ ਵੀ ਵਰਤਿਆ ਜਾਂ ਪ੍ਰਗਟ ਕੀਤਾ ਜਾ ਸਕਦਾ ਹੈ। ਇਹ ਹੇਠ ਦਿੱਤੇ ਕਾਰਨਾ ਕਰਕੇ ਵਾਪਰ ਸਕਦਾ ਹੈ:

- ਤੁਹਾਡੀ ਮਨਜ਼ੂਰੀ ਨਾਲ
- ਜਿੱਥੇ ਤੁਸੀਂ ਵਾਜਬ ਤੌਰ ‘ਤੇ ਵਿਭਾਗ ਤੋਂ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਜਾਂ ਖੁਲਾਸਾ ਕਰਨ ਦੀ ਉਮੀਦ ਕਰੋਗੇ ਅਤੇ ਸੈਕੰਡਰੀ ਉਦੇਸ਼ ਜਾਂ ਤਾਂ ਸਿੱਧੇ ਤੌਰ ‘ਤੇ ਪ੍ਰਾਇਮਰੀ ਉਦੇਸ਼ (ਸ਼ੰਵੇਦਨਸ਼ੀਲ ਜਾਣਕਾਰੀ ਲਈ) ਜਾਂ ਪ੍ਰਾਇਮਰੀ ਉਦੇਸ਼ (ਹੋਰ ਨਿੱਜੀ ਜਾਣਕਾਰੀ ਲਈ) ਨਾਲ ਸੰਬੰਧਤ ਹੈ।
- ਜਿੱਥੇ ਜਾਣਕਾਰੀ ਦੀ ਵਰਤੋਂ ਜਾਂ ਖੁਲਾਸੇ ਦੀ ਲੋੜ ਹੈ ਜਾਂ ਕਿਸੇ ਆਸਟ੍ਰੇਲਿਆਈ ਕਾਨੂੰਨ ਜਾਂ ਅਦਾਲਤ/ਟ੍ਰਾਇਬਿਊਨਲ ਦੇ ਆਦੇਸ਼ ਦੁਆਰਾ ਜਾਂ ਅਧਿਕਾਰਤ ਹੈ
- ਇੱਕ ‘ਇਜਾਜਤ ਵਾਲੀ ਆਮ ਸਥਿਤੀ’ ਵਿੱਚ (ਜਿਵੇਂ ਕਿ ਜਿੱਥੇ ਕਿਸੇ ਵਿਅਕਤੀ ਦੇ ਜੀਵਨ, ਸਿਹਤ ਜਾਂ ਸੁਰੱਖਿਆ, ਜਾਂ ਜਨਤਕ ਸਿਹਤ ਜਾਂ ਸੁਰੱਖਿਆ ਲਈ ਗੰਭੀਰ ਖਤਰੇ ਨੂੰ ਘਟਾਉਣ ਜਾਂ ਰੋਕਣਾ ਜ਼ਰੂਰੀ ਹੈ)
- ਲਾਗੂ ਕਰਨ ਨਾਲ ਸੰਬੰਧਤ ਉਦੇਸ਼ਾਂ ਲਈ।

ਆਪਣੇ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾ (ਵਾਂ) ਰਾਹੀਂ, ਵਿਭਾਗ ਇਹਨਾਂ ਦੀ ਸੁਰੱਖਿਆ, ਚੰਗੀ ਵਿਵਸਥਾ ਜਾਂ ਸੁਰੱਖਿਆ ਨੂੰ ਬਣਾਈ ਰੱਖਣ ਦੇ ਉਦੇਸ਼ ਲਈ ਤੁਹਾਡੇ ਤੋਂ ਨਿੱਜੀ ਜਾਣਕਾਰੀ ਇਕੱਠੀ ਕਰਦਾ ਹੈ:

- ਇੱਕ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ
- ਇਮੀਗਰੇਸ਼ਨ ਨਜ਼ਰਬੰਦੀ ਨੈਟਵਰਕ, ਅਤੇ/ਜਾਂ
- ਸਾਰੇ ਇਮੀਗਰੇਸ਼ਨ ਨਜ਼ਰਬੰਦੀ ਸੁਵਿਧਾ ਕਰਮਚਾਰੀ ਅਤੇ ਮੁਲਾਕਾਤੀ।

ਇਸ ਵਿੱਚ ਸਿਹਤ ਸਬੰਧੀ ਖਤਰਿਆਂ ਦੀ ਪਹਿਚਾਣ ਕਰਨਾ ਅਤੇ ਉਹਨਾਂ ਦਾ ਪ੍ਰਬੰਧ ਕਰਨਾ ਅਤੇ ਸੰਚਾਰੀ ਬਿਮਾਰੀਆਂ ਦੇ ਫੈਲਾਅ ਨੂੰ ਰੋਕਣ ਜਾਂ ਪ੍ਰਬੰਧ ਲਈ ਉਚਿਤ ਨਿਯੰਤਰਣਾਂ ਨੂੰ ਲਾਗੂ ਕਰਨਾ ਸ਼ਾਮਲ ਹੈ।

ਇਹ ਜਾਣਕਾਰੀ ਵਿਭਾਗ ਦੀ ਜ਼ਿੰਮੇਵਾਰੀ ਜੋ ਕਿ ਉਸ ਦੇ ਕਰਮਚਾਰੀਆਂ ਅਤੇ ਹੋਰਨਾਂ ਵਿਅਕਤੀਆਂ ਦੀ ਸਿਹਤ ਅਤੇ ਸੁਰੱਖਿਆ ਨੂੰ ਕਾਇਮ ਰੱਖਣ ਲਈ ਦੂਜੇ ਭਾਗ ਵਿੱਚ ਦਿੱਤੀ ਗਈ ਹੈ - Part 2 of the *Work Health and Safety Act 2011* (Cth) (WHS Act) *(ਵਰਕ ਹੈਲਥ ਐਂਡ ਸੇਫਟੀ ਐਕਟ 2011)* ਦੂਜਾ ਭਾਗ, ਜਿੱਥੋਂ ਤੱਕ ਵਾਜਬ ਤੌਰ ‘ਤੇ ਸੰਭਵ ਹੋ ਸੱਕੇ।

## ਜੇਕਰ ਤੁਹਾਡੀ ਨਿੱਜੀ ਜਾਣਕਾਰੀ ਵਿਭਾਗ ਦੁਆਰਾ ਨਾ ਇਕੱਠੀ ਕੀਤੀ ਜਾਵੇ ਤਾਂ ਇਸ ਦੇ ਨਤੀਜੇ

ਜੇਕਰ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਨਹੀਂ ਕੀਤੀ ਜਾਂਦੀ, ਤਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ, ਜਾਂ ਇਮੀਗਰੇਸ਼ਨ ਨਜ਼ਰਬੰਦੀ ਵਿੱਚ ਕਿਸੇ ਵਿਅਕਤੀ ਨੂੰ ਮਿਲਣ ਲਈ ਤੁਹਾਡੀ ਅਰਜੀ ‘ਤੇ ਕਾਰਵਾਈ ਨਹੀਂ ਕੀਤੀ ਜਾ ਸਕਦੀ।

© COMMONWEALTH OF AUSTRALIA, 2022

## ਅਸੀਂ ਤੁਹਾਡੀ ਨਿੱਜੀ ਜਾਣਕਾਰੀ ਕਿਵੇਂ ਇਕੱਠੀ ਕਰਦੇ ਹਾਂ

ਤੁਹਡੀ ਨਿੱਜੀ ਜਾਣਕਾਰੀ ਦਾ ਆਮ ਤੌਰ 'ਤੇ ਇਕਰਾਰਨਾਮੇ ਵਾਲੇ ਸੇਵਾ ਪ੍ਰਦਾਤਾ ਕਰਮਚਾਰੀਆਂ ਦੁਆਰਾ ਮੁਲਾਕਾਤੀਆਂ ਦੀਆਂ ਅਰਜੀਆਂ ਰਾਹੀਂ ਹੀ ਮੁਲਾਂਕਣ ਕੀਤਾ ਜਾਂਦਾ ਹੈ ਅਤੇ/ਜਾਂ ਵਿਭਾਗ ਦੀ ਤਰਫ਼ੋਂ ਇਮੀਗਰੇਸ਼ਨ ਨਜ਼ਰਬੰਦੀ ਸੁਵਿਧਾਵਾਂ 'ਤੇ ਸਕ੍ਰੀਨਿੰਗ ਕਰਵਾਉਣ ਸਮੇਂ ਤੁਹਾਡੇ ਤੋਂ ਸਿੱਧੀ ਇਕੱਠੀ ਕੀਤੀ ਜਾਵੇਗੀ।

ਤੁਹਾਡੀ ਨਿੱਜੀ ਜਾਣਕਾਰੀ ਦਾ ਸੰਗ੍ਰਹਿ ਸਵੈਇੱਛਤ ਹੈ, ਪਰ ਜੇਕਰ ਤੁਹਾਡੀ ਨਿੱਜੀ ਜਾਣਕਾਰੀ ਇਕੱਠੀ ਨਹੀਂ ਕੀਤੀ ਜਾਂਦੀ ਹੈ, ਤਾਂ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ, ਜਾਂ ਇਮੀਗਰੇਸ਼ਨ ਨਜ਼ਰਬੰਦੀ ਵਿੱਚ ਕਿਸੇ ਵਿਅਕਤੀ ਨੂੰ ਮਿਲਣ ਲਈ ਤੁਹਾਡੀ ਅਰਜੀ 'ਤੇ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਤੁਹਾਡੀ ਨਿੱਜੀ ਜਾਣਕਾਰੀ ਨੂੰ ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੇ ਇੱਕ ਰਜਿਸਟਰ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਵਿਭਾਗ ਦੇ ਕੰਮਾਂ ਜਾਂ ਗਤੀਵਿਧੀਆਂ ਨੂੰ ਪੂਰਾ ਕਰਨ ਦੇ ਉਦੇਸ਼ਾਂ ਲਈ, ਜਾਂ ਜਿੱਥੇ ਆਸਟ੍ਰੇਲੀਆ ਦੇ ਕਾਨੂੰਨ ਦੁਆਰਾ ਇਜਾਜ਼ਤ ਦਿੱਤੀ ਗਈ ਹੋਵੇ, ਵਿਭਾਗ ਦੇ ਦੂਜੇ ਖੇਤਰਾਂ ਨੂੰ ਪ੍ਰਦਾਨ ਕੀਤੀ ਜਾ ਸਕਦੀ ਹੈ।

ਕਲੋਜ਼ਡ- ਸਰਕਟ ਟੈਲੀਵਿਜ਼ਨ (CCTV) ਇਮੀਗਰੇਸ਼ਨ ਨਜ਼ਰਬੰਦੀ ਸਹੂਲਤ ਦੌਰਾਨ ਨਿਰੰਤਰ ਕਾਰਜਸ਼ੀਲ ਹੋ ਸਕਦਾ ਹੈ। ਕਿਸੇ ਵੀ (CCTV) ਨਿਗਰਾਨੀ ਦੇ ਨਤੀਜੇ ਵਜੋਂ ਤੁਹਾਡੀ ਤਸਵੀਰ ਅਤੇ ਬੋਲੀ ਨੂੰ ਕੈਪਚਰ ਕੀਤਾ ਜਾ ਸਕਦਾ ਹੈ। CCTV ਨਿਗਰਾਨੀ ਦੁਆਰਾ ਪ੍ਰਾਪਤ ਕੀਤੇ ਗਏ ਆਡੀਓ ਅਤੇ ਵਿਡਿਓ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਕੇਵਲ ਉਪਰੋਕਤ ਉਦੇਸ਼ਾਂ ਲਈ ਵਰਤਿਆ ਜਾਂ ਇਸ ਦਾ ਖੁਲਾਸਾ ਕੀਤਾ ਜਾਵੇਗਾ ਜਾਂ ਜਿਵੇਂ ਕਿ ਆਸਟ੍ਰੇਲੀਆ ਦੇ ਕਾਨੂੰਨ ਦੁਆਰਾ ਲੋੜੀਂਦਾ ਜਾਂ ਅਧਿਕਾਰਤ ਕੀਤਾ ਜਾਵੇਗਾ।

## ਅਸੀਂ ਨਿੱਜੀ ਜਾਣਕਾਰੀ ਦਾ ਖੁਲਾਸਾ ਕਿਸ ਕੋਲ ਕਰਦੇ ਹਾਂ

ਤੁਹਾਡੀ ਜਾਣਕਾਰੀ ਨੂੰ ਗੁਪਤ ਰੱਖਿਆ ਜਾਵੇਗਾ ਅਤੇ ਸਿਰਫ ਇਸ ਨੋਟਿਸ ਵਿੱਚ ਦੱਸੇ ਗਏ ਉਦੇਸ਼ਾਂ ਲਈ ਜਾਂ ਗੋਪਨੀਯਤ ਐਕਟ ਜਾਂ ਕਿਸੇ ਹੋਰ ਆਸਟ੍ਰੇਲਿਆਈ ਕਾਨੂੰਨ ਦੁਆਰਾ ਲੋੜੀਂਦੇ ਜਾਂ ਅਧਿਕਾਰਤ ਤੌਰ 'ਤੇ ਵਰਤਿਆ ਜਾਂ ਖੁਲਾਸਾ ਕੀਤਾ ਜਾਵੇਗਾ।

ਇੱਕ ਆਸਟ੍ਰੇਲਿਆਈ ਕਾਨੂੰਨ ਰਾਸ਼ਟਰਮੰਡਲ, ਜਾਂ ਇੱਕ ਰਾਜ, ਜਾਂ ਇੱਕ ਖੇਤਰ ਦਾ ਕਾਨੂੰਨ ਹੁੰਦਾ ਹੈ।

ਵਿਭਾਗ ਤੁਹਾਡੀ ਮੁਲਾਕਾਤ ਦੀ ਅਰਜੀ ਦਾ ਮੁਲਾਂਕਣ ਕਰਨ ਲਈ, ਜਾਂ ਜਿੱਥੇ ਲੋੜ ਹੋਵੇ, ਆਸਟਰੇਲੀਅਨ (ਰਾਸ਼ਟਰਮੰਡਲ, ਰਾਜ ਅਤੇ ਖੇਤਰ) ਲਾਗੂ ਕਰਨ ਵਾਲੀਆਂ ਏਜੰਸੀਆਂ ਜਾਂ ਸੰਸਥਾਵਾਂ, ਜਿਵੇਂ ਕਿ ਆਸਟਰੇਲੀਅਨ ਫੈਡਰਲ ਪੁਲੀਸ ਅਤੇ/ਜਾਂ ਰਾਜ ਜਾਂ ਖੇਤਰ ਦਾ ਪੁਲੀਸ ਬੱਲ ਜਾਂ ਸੇਵਾ ਨੂੰ ਨਿੱਜੀ ਜਾਣਕਾਰੀ ਦਾ ਖੁਲਾਸਾ ਕਰ ਸਕਦਾ ਹੈ। ਕਿਸੇ ਅਪਰਾਧਿਕ ਜ਼ੁਰਮ ਦੀ ਰੋਕਥਾਮ, ਪਤਾ ਲਗਾਉਣ ਜਾਂ ਸਜ਼ਾ ਦੇਣ ਸਮੇਤ ਕਿਸੇ ਲਾਗੂ ਕਰਨ ਸੰਬੰਧੀ ਗਤੀਵਿਧੀ ਲਈ।

ਅਸੀਂ ਤੁਹਾਡੇ ਵਲੋਂ ਰਾਸ਼ਟਰਮੰਡਲ, ਰਾਜ ਅਤੇ ਖੇਤਰੀ ਸਰਕਾਰੀ ਏਜੰਸੀਆਂ ਨੂੰ ਪ੍ਰਦਾਨ ਕੀਤੀ ਜਾਣਕਾਰੀ ਦਾ ਖੁਲਾਸਾ ਕਰ ਸਕਦੇ ਹਾਂ ਜਿਨ੍ਹਾਂ ਦੀ ਸਿਹਤ ਅਤੇ ਜੀਵ-ਸੁਰੱਖਿਆ ਕਾਨੂੰਨਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਹੈ।

## ਵਿਦੇਸ਼ੀ ਪ੍ਰਾਪਤਕਰਤਾਵਾਂ ਲਈ ਨਿੱਜੀ ਜਾਣਕਾਰੀ ਦਾ ਖੁਲਾਸਾ

ਤੁਹਾਡੀ ਸਹਿਮਤੀ ਤੋਂ ਬਿਨ੍ਹਾਂ, ਜਾਂ ਗੋਪਨੀਯਤਾ ਐਕਟ ਦੀ ਅਨੁਸੂਚੀ 1 ਵਿੱਚ APP 6 ਅਤੇ APP 8 ਦੁਆਰਾ ਇਜਾਜਤ ਦਿੱਤੇ ਜਾਣ ਤੱਕ ਤੁਹਾਡੀ ਨਿੱਜੀ ਜਾਣਕਾਰੀ ਦਾ ਖੁਲਾਸਾ ਕਿਸੇ ਵਿਦੇਸ਼ੀ ਪ੍ਰਾਪਤਕਰਤਾ ਨੂੰ ਨਹੀਂ ਕੀਤਾ ਜਾਵੇਗਾ।

## ਤੁਸੀਂ ਆਪਣੀ ਨਿੱਜੀ ਜਾਣਕਾਰੀ ਦੀ ਪਹੁੰਚ ਕਿਵੇਂ ਕਰ ਸਕਦੇ ਹੋ ਜਾਂ ਉਸ ਨੂੰ ਦਰੁਸਤ ਕਿਵੇਂ ਕਰ ਸਕਦੇ ਹੋਂ

ਤੁਸੀਂ ਸੂਚਨਾ ਦੀ ਅਜ਼ਾਦੀ ਐਕਟ *Freedom of Information Act 1982* (Cth) (*ਸੂਚਨਾ ਦੀ ਅਜ਼ਾਦੀ ਐਕਟ 1982* (Cth)) ਅਤੇ ਗੋਪਨੀਯਤਾ ਐਕਟ ਦੇ ਤਹਿਤ ਆਪਣੀ ਨਿੱਜੀ ਜਾਣਕਾਰੀ ਤੱਕ ਪਹੁੰਚ ਅਤੇ ਸੁਧਾਰ ਲਈ ਬੇਨਤੀ ਕਰ ਸਕਦੇ ਹੋ। ਸਾਡੀ ਗੋਪਨੀਯਤਾ ਨੀਤੀ ਦੱਸਦੀ ਹੈ ਕਿ ਤੁਸੀਂ ਨਿੱਜੀ ਜਾਣਕਾਰੀ ਤੱਕ ਪਹੁੰਚ ਕਿਵੇਂ ਪ੍ਰਾਪਤ ਕਰ ਸਕਦੇ ਹੋ, ਜਾਂ ਤੁਸੀਂ ਇਸ ਜਾਣਕਾਰੀ ਨੂੰ ਠੀਕ ਕਰਨ ਦੀ ਕੋਸ਼ਿਸ਼ ਕਿਵੇਂ ਕਰ ਸਕਦੇ ਹੋ।

## ਚਿੰਤਾਵਾਂ ਅਤੇ ਸ਼ਿਕਾਇਤਾਂ

ਵਿਭਾਗ ਗੋਪਨੀਯਤਾ ਐਕਟ ਦੇ ਅਨੁਸਾਰ ਉਸ ਨਿੱਜੀ ਜਾਣਕਾਰੀ ਦੀ ਸੁਰੱਖਿਆ ਕਰਨ ਲਈ ਵਚਨਬੱਧ ਹੈ ਜਿਸ ਨਾਲ ਇਸ ਨੂੰ ਸੌਂਪਿਆ ਗਿਆ ਹੈ। ਜੇ ਤੁਸੀਂ ਮੰਨਦੇ ਹੋ ਕਿ ਵਿਭਾਗ ਨੇ ਤੁਹਾਡੀ ਨਿੱਜੀ ਜਾਣਕਾਰੀ ਨੂੰ ਇਸ ਤਰੀਕੇ ਨਾਲ ਸੰਭਾਲਿਆ ਹੈ ਜਾਂ ਜੇ APPs ਅਨੁਸਾਰ ਸਾਡੀਆਂ ਜ਼ਿੰਮੇਵਾਰੀਆਂ ਦੀ ਉਲੰਘਣਾ ਕੀਤੀ ਹੈ, ਤਾਂ ਸਾਡੀ ਗੋਪਨੀਯਤਾ ਨੀਤੀ ਦੱਸਦੀ ਹੈ ਕਿ ਤੁਸੀਂ ਸ਼ਿਕਾਇਤ ਕਿਵੇਂ ਕਰ ਸਕਦੇ ਹੋ ਅਤੇ ਅਸੀਂ ਤੁਹਾਡੀ ਸ਼ਿਕਾਇਤ ਨਾਲ ਕਿਵੇਂ ਨਜਿੱਠਾਂਗੇ।

## ਤੁਸੀਂ ਸਾਡੇ ਨਾਲ ਸੰਪਰਕ ਕਿਵੇਂ ਕਰ ਸਕਦੇ ਹੋ

ਪੂਰੇ ਸੰਪਰਕ ਵੇਰਵੇ ਵਿਭਾਗ ਦੀ ਇਸ ਵੈਬਸਾਈਟ ਤੋਂ ਮਿਲ ਸਕਦੇ ਹਨ:
**www.homeaffairs.gov.au**

ਵਿਕਲਪਕ ਤੌਰ 'ਤੇ, ਤੁਸੀਂ ਇਹਨਾਂ ਦੁਆਰਾ ਆਪਣੇ ਖਿਆਲ ਪ੍ਰਦਾਨ ਕਰ ਸਕਦੇ ਹੋ:

- ਆਨਲਾਈਨ ਫੀਡਬੈਕ ਫਾਰਮ ਦੀ ਵਰਤੋਂ ਕਰਕੇ
- ਅਤੇ ਇਸ ਪਤੇ 'ਤੇ ਲਿਖਣ ਨਾਲ:
  The Manager Global Feedback Unit
  GPO Box 241
  Melbourne VIC 3001 Australia


© COMMONWEALTH OF AUSTRALIA, 2022